بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 13.11.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 13 ਨਵੰਬਰ 2015 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਹਜ਼ਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਕੇਵਲ ਰੱਬ ਖ਼ਾਤਰ ਪ੍ਰੇਮ, ਸਨੇਹ ਤੇ ਮੁਹਬੱਤ ਦੀ ਜੇਕਰ ਕੋਈ ਉਧਾਰਣ ਦਿੱਤੀ ਜਾ ਸਕਦੀ ਹੈ ਤਾਂ ਉਹ ਹਜ਼ਰਤ ਮੌਲਾਨਾ ਹਕੀਮ ਨੂਰੁੱਦੀਨ ਰਜ਼ੀ ਅਲੱਾਹ ਅਨਹੁ ਦੀ ਉਧਾਰਣ ਹੈ । ਤਾਬਿਆਕਾਰੀ ਦੇ ਪ੍ਰਣ ਦੇ ਬਾਦ ਜੇਕਰ ਕਿਸੇ ਨੇ ਅਤਿਅੰਤ ਮਿਆਰੀ ਨਮੂਨਾ ਦਿਖਾ ਕੇ ਉਸ'ਤੇ ਕਾਇਮ ਰਹਿਣ ਦੀ ਜੇਕਰ ਕੋਈ ਉਧਾਰਣ ਦਿੱਤੀ ਜਾ ਸਕਦੀ ਹੈ ਤਾਂ ਉਹ ਹਜ਼ਰਤ ਮੌਲਾਨਾ ਨੂਰੁੱਦੀਨ ਦੀ ਹੈ । ਸਾਰੇ ਸੰਸਾਰਕ ਰਿਸ਼ਤਿਆਂ ਤੋਂ ਵੱਧਕੇ ਬੈਅਤ ਦਾ ਹੱਕ ਅਦਾ ਕਰਦਿਆਂ ਹੋਇਆਂ ਜੇਕਰ ਕਿਸੇ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਰਿਸ਼ਤਾ ਜੋੜਿਆ ਤਾਂ ਉਸ ਦੀ ਮਹਾਨਤਮ ਉਧਾਰਣ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹ ਅਨਹੁ ਹਨ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹ ਅਨਹੁ ਨੂੰ ਜੋ ਸਨੇਹ ਤੇ ਪ੍ਰੇਮ ਦਾ ਸੰਬੰਧ ਹਜ਼ਰਤ ਮਸੀਹ ਮੌਊਦ ਅਲਐਹਿ ਸਲਾਮ ਨਾਲ ਸੀ ਉਸ ਨੂੰ ਹਰ ਅਹਮਦੀ ਜਿਸ ਨੇ ਆਪ ਬਾਰੇ ਕੁਝ ਨ ਕੁਝ ਪੜ੍ਹਿਆ ਹੋਵੇ ਜਾਂ ਸੁਣਿਆ ਹੋਵੇ ਜਾਣਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਕੇਵਲ ਰੱਬ ਖ਼ਾਤਰ ਸਨੇਹ, ਪ੍ਰੇਮ ਅਤੇ ਮੁਹਬੱਤ ਦੀ ਜੇਕਰ ਕੋਈ ਉਧਾਰਣ ਦਿੱਤੀ ਜਾ ਸਕਦੀ ਹੈ ਤਾਂ ਉਹ ਹਜ਼ਰਤ ਮੌਲਾਨਾ ਹਕੀਮ ਨੂਰੁੱਦੀਨ ਰਜ਼ੀ ਅਲੱਾਹ ਅਨਹੁ ਦੀ ਉਧਾਰਣ ਹੈ । ਅਗਿਆਕਾਰੀ ਦਾ ਪ੍ਰਣ ਕਰਨ ਦੇ ਬਾਦ ਜੇਕਰ ਉਸ ਦੇ ਅਤਿਅੰਤ ਮਿਆਰੀ ਨਮੂਨੇ ਦਿਖਾ ਕੇ ਉਸ'ਤੇ ਕਾਇਮ ਰਹਿਣ ਦੀ ਜੇਕਰ ਕੋਈ ਉਧਾਰਣ ਦਿੱਤੀ ਜ ਸਕਦੀ ਹੈ ਤਾਂ ਉਹ ਹਜ਼ਰਤ ਮੌਲਾਨਾ ਨੂਰੁੱਦੀਨ ਦੀ ਹੈ । ਸਾਰਿਆਂ ਸੰਸਾਰਕ ਰਿਸ਼ਤਿਆਂ ਤੋਂ ਵੱਧਕੇ ਬੈਅਤ ਦਾ ਹੱਕ ਅਦਾ ਕਰਦਿਆਂ ਹੋਇਆਂ ਜੇਕਰ ਕਿਸੇ ਨੇ ਹਜ਼ਰਤ ਮਸੀਹ ਮੌਊਦ ਅਲੈਹ ਸਲਾਮ ਨਾਲ ਸੰਬੰਧ ਜੋੜਿਆ ਤਾਂ ਉਸ ਦੀ ਮਹਾਨਤਮ ਉਧਾਰਣ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਦੀ ਹੈ । ਸੇਵਾ ਦੀ ਅਵਸਥਾ ਦੇ ਅਦੁੱਤੀ ਨਮੂਨੇ ਦਾ ਅਦੁੱਤੀ ਨਮੂਨਾ ਜੇਕਰ ਕਿਸੇ ਨੇ ਕਾਇਮ ਕੀਤਾ ਤਾਂ ਉਹ ਹਜ਼ਰਤ ਹਕੀਮੁਲ ਉਮੱਤ ਮੌਲਾਨਾ ਨੂਰੁੱਦੀਨ ਨੇ ਕਾਇਮ ਕੀਤਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਾਹਮਣੇ ਆਜਜ਼ੀ ਤੇ ਵਿਨਮ੍ਰਤਾ ਵਿੱਚ ਜੇਕਰ ਸਾਨੂੰ ਕੋਈ ਉਰੱਤਮ ਸਥਾਨ ਉਪੱਰ ਦਿਖਾਈ ਦਿੰਦਾ ਹੈ ਤਾਂ ਜਮਾਤ ਅਹਮਦੀਆ ਦੇ ਇਤਿਹਾਸ ਵਿੱਚ ਉਸ ਦਾ ਉਰੱਤਮ ਮਿਆਰ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਨੇ ਕਾਇਮ ਕੀਤਾ ਅਤੇ ਫਿਰ ਜ਼ਮਾਨੇ ਦੇ ਇਮਾਮ ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਤੋਂ ਉਹ ਸਨਮਾਨ ਵੀ ਪ੍ਰਾਪਤ ਕੀਤਾ ਜੋ ਕਿਸੇ ਹੋਰ ਨੂੰ ਨ ਮਿਲ ਸਕਿਆ । ਆਪ ਅਲੈਹਿ ਸਲਾਮ ਨੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਬਾਰੇ ਫ਼ਰਮਾਇਆ ਕਿ :

ਚ ਖ਼ੁਸ਼ ਬੂਦੇ ਅਗਰ ਹਰ ਯਕ ਜ਼ ਉਮੱਤ ਨੂਰਦੀਂ ਬੂਦੇ

ਸੋ, ਇਹ ਇਕ ਬਹੁਤ ਵਡੱਾ ਸਨਮਾਨ ਹੈ ਜੋ ਜ਼ਮਾਨੇ ਦੇ ਇਮਾਮ ਨੇ ਆਪਣੇ ਮਨੰਣ ਵਾਲਿਆਂ ਲਈ ਹਰ ਇਕ ਚੀਜ਼ ਦਾ ਮਿਆਰ ਹਜ਼ਰਤ ਮੌਲਾਨਾ ਨੁਰੁੱਦੀਨ ਦੇ ਮਿਆਰ ਨੂੰ ਬਣਾ ਦਿੱਤਾ ਕਿ ਜੇਕਰ ਹਰ ਇਕ ਨੁਰਦੀਨ ਬਣ ਜਾਵੇ ਤਾਂ ਇਕ ਇਨਕਲਾਬ ਪੈਦਾ ਹੋ ਸਕਦਾ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਹਜ਼ਰਤ ਹਕੀਮ ਮੌਲਾਨਾ ਨੁਰੁੱਦੀਨ ਖ਼ਲੀਫ਼ਾਤੁਲ ਮਸੀਹ ਅਵੱਲ ਦੀਆਂ ਕੁਝ ਘਟਨਾਵਾਂ ਵਰਨਣ ਕੀਤੀਆਂ ਹਨ । ਇਹਨਾਂ ਘਟਨਾਵਾਂ ਨੂੰ ਪੜ੍ਹ ਕੇ ਆਕਾ ਤੇ ਗ਼ੁਲਾਮ ਮੁਰਸ਼ਦ ਤੇ ਮੁਰੀਦ ਦੇ ਦੋ ਪੱਖੀ ਸੰਬੰਧ ਤੇ ਪ੍ਰੇਮ ਨਮੂਨੇ ਦਿਖਾਈ ਦਿੰਦੇ ਹਨ । ਆਜਜ਼ੀ ਤੇ ਵਿਨਮ੍ਰਤਾ ਦੇ ਨਮੂਨੇ ਦਿਖਾਈ ਦਿੰਦੇ ਹਨ । ਈਮਾਨਦਾਰੀ ਤੇ ਵਫ਼ਾਦਾਰੀ ਨੇ ਨਮੂਨੇ ਵੀ ਦਿਖਾਈ ਦਿੰਦੇ ਹਨ । ਹਜ਼ਰਤ ਖਲੀਫ਼ਾਤੁਲ ਮਸੀਹ ਅਵੱਲ ਦੀਆਂ ਕੁਰਬਾਨੀਆਂ ਦੇ ਮਿਆਰ ਅਤੇ ਤਾਬਿਆਦਾਰੀ ਦੇ ਉਰੱਤਮ ਨਮੂਨਿਆਂ ਦਾ ਵਰਨਣ ਕਰਦਿਆਂ ਹੋਇਆਂ ਇਕ ਥਾਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਇਕ ਵਾਰ ਜੱਦ ਆਪ ਕਾਦੀਆਂ ਆਏ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ, ਮੈਨੂੰ ਆਪ ਬਾਰੇ ਇਲਹਾਮ ਹੋਇਆ ਹੈ ਕਿ ਜੇਕਰ ਆਪ ਆਪਣੇ ਵਤਨ ਵਾਪਸ ਗਏ ਤਾਂ ਆਪ ਆਪਣਾ ਸਨਮਾਨ ਗਵਾ ਬੈਠੋਗੇ । ਇਸ'ਤੇ ਆਪ ਨੇ ਵਤਨ ਵਾਪਸ ਜਾਣ ਦਾ ਨਾਂ ਤੱਕ ਨ ਲਿਆ । ਉਸ ਸਮੇਂ ਆਪ ਆਪਣੇ ਵਤਨ ਭੇਰਾ ਵਿੱਚ ਇਕ ਸ਼ਾਨਦਾਰ ਮਕਾਨ ਦੀ ਉਸਾਰੀ ਕਰਵਾ ਰਹੇ ਸਨ । ਕਈ ਮਿਤੱਰਾ ਨੇ ਕਿਹਾ ਵੀ ਕਿ ਆਪ ਇਕ ਵਾਰ ਜਾਕੇ ਮਕਾਨ ਤਾਂ ਦੇਖ ਆਓ ਪਰ ਆਪ ਨੇ ਫ਼ਰਮਾਇਆ ਕਿ ਮੈਂ ਉਸ ਨੂੰ ਰੱਬ ਖ਼ਾਤਰ ਛੱਡ ਕਿੱਤਾ ਹੈ ਹੁਣ ਉਸ ਨੂੰ ਦੇਖਣ ਦੀ ਕੀ ਲੋੜ ਹੈ ।

ਫਿਰ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਕ ਹੋਰ ਘਟਨਾ ਵਰਨਣ ਕਰਦੇ ਹਨ, ਜੱਦ ਅੰਜੁਮਨ ਦੇ ਕੁਝ ਵੱਹੇ ਬਜ਼ੁਰਗ ਆਪਣੇ ਆਪ ਨੂੰ ਪੂਰਨ ਸੂਝਵਾਨ ਸਮਝਣ ਲੱਗ ਪਏ ਸਨ ਅਤੇ ਦੁਨੀਆਦਾਰੀ ਦੀ ਰੰਗਤ ਉਹਨਾ'ਤੇ ਚੜ੍ਹ ਰਹੀ ਸੀ, ਬਹੁਤ ਸਾਰੇ ਮਾਮਲੇ ਜੱਦ ਅੰਜੁਮਨ ਵਿੱਚ ਪੇਸ਼ ਹੁੰਦੇ ਤਾਂ ਸਧਾਰਣਤਾ ਹਜ਼ਰਤ ਖਲੀਫ਼ਾਤੁਲ ਮਸੀਹ ਅਵੱਲ ਅਤੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੀ ਇਕ ਰਾਏ ਹੁੰਦੀ ਅਤੇ ਕਈ ਹੋਰ ਵੱਡੇ ਸਿਰਕੱਢ ਮੈਂਬਰਾਂ ਦੀ ਰਾਏ ਵੱਖਰੀ ਹੁੰਦੀ ਸੀ । ਬਹਿਰਹਾਲ ਇਕ ਅਜਿਹੇ ਹੀ ਅਵਸਰ'ਤੇ ਇਕ ਸਭਾ ਵਿੱਚ ਪ੍ਰਸ਼ਨ ਪੇਸ਼ ਹੋਇਆ ਕਿ ਤਾਲੀਮ ਉਲ ਇਸਲਾਮ ਹਾਈ ਸਕੂਲ ਨੂੰਬੰਦ ਕਰਨ ਦਾ ਮਾਮਲਾ ਪੇਸ਼ ਹੋਇਆ । ਹਜ਼ਰਤ ਮੁਸਲਿਹ ਮੌਊਦ ਇਸ ਨੂੰ ਬੰਦ ਕਰਨ ਦੇ ਖ਼ਿਲਾਫ਼ ਸਨ ਹਜ਼ਰਤ ਖਲੀਫ਼ਾਤੁਲ ਮਸੀਹ ਅਵੱਲ ਦੀ ਵੀ ਇਹੋ ਸਲਾਹ ਸੀ ਕਿ ਇਸ ਨੂੰ ਬੰਦ ਨ ਕੀਤਾ ਜਾਵੇ । ਇਸ ਗੱਲ'ਤੇ ਬਹੁਤ ਜੋਰਦਾਰ ਬਹਿਸ ਹੋ ਰਹੀ ਸੀ, ਅਖ਼ੀਰ ਫ਼ੈਸਲੇ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੇਵਾ ਵਿੱਚ ਪੇਸ਼ ਹੋਣਾ ਸੀ । ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਕਿਉਂਕਿ ਅਦਬ ਕਰਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਾਹਮਣੇ ਗੱਲ ਨਹੀਂ ਕਰ ਸਕਦੇ ਸਨ ਇਸ ਲਈ ਆਪ ਨੇ ਮੈਂਨੂੰ ਆਪਣਾ ਸਾਧਨ ਬਣਾਇਆ ਹੋਇਆ ਸੀ ਉਹ ਮੈਂਨੂੰ ਗੱਲ ਦੱਸ ਦਿਆ ਕਰਦੇ ਸਨ ਅਤੇ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਪਹੁੰਚਾ ਦਿੰਦਾ । ਅਖੀਰ ਰੱਬ ਨੇ ਸਾਨੂੰ ਸਫ਼ਲਤਾ ਪ੍ਰਦਾਨ ਕੀਤੀ । ਇਸ ਤੋਂ ਹਜ਼ਰਤ ਖਲੀਫ਼ਾਤੁਲ ਮਸੀਹ ਅਵੱਲ ਦੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਾਹਮਣੇ ਗੱਲ ਕਰਨ ਦੇ ਅਦਬ ਅਤੇ ਸਨਮਾਨ ਦਾ ਵੀ ਪਤਾ ਚਲਦਾ ਹੈ ।

ਹਜ਼ਰਤ ਖਲੀਫ਼ਾਤੁਲ ਮਸੀਹ ਅਵੱਲ ਦੀ ਕੁਸ਼ਲਤਾ ਦਾ ਵਰਨਣ ਕਰਦੇ ਹੋਏ ਆਪ ਦੇ ਈਮਾਨ (ਆਸਥਾ) ਦੀ ਚਰਚਾ ਕਰਦੇ ਹੋਏ ਹਜ਼ਰਤ ਮੁਸਲਿਹ ਮੌਊਦ ਇਕ ਥਾਂ ਫ਼ਰਮਾਉਂਦੇ ਹਨ ਕਿ ਇਹ ਦਸਦਿਆਂ ਹੋਇਆਂ ਕਿ ਕੌਮਾ ਕਿਵੇਂ ਬਣਦੀਆਂ ਹਨ । ਲੋਕਾਂ ਤੋਂ ਕੌਮਾਂ ਬਣਦੀਆਂ ਹਨ ਅਤੇ ਕੌਮਾਂ ਤੋਂ ਲੋਕ ਬਣਦੇ ਹਨ । ਉਤੱਮ ਬੁੱਧੀ ਦੇ ਮਾਲਕ ਹੁਸ਼ਿਆਰ ਤੇ ਨੇਕ ਮਨੁੱਖ ਕੌਮਾਂ ਨੂੰ ਬਹੁਤ ਲਾਭ ਪਹੁੰਚਾਉਂਦੇ ਹਨ ਅਤੇ ਉਤੱਮ ਤੇ ਨੇਕ ਮੰਤਵ ਚੰਗੇ ਤੇ ਹੁਸ਼ਿਆਰ ਲੋਕਾਂ ਦੇ ਹੱਥ ਆਣਕੇ ਬਹੁਤ ਲਾਹੇਵੰਦ ਸਿੱਧ ਹੁੰਦੇ ਹਨ ਅਤੇ ਫਿਰ ਇਹ ਵਰਨਣ ਕੀਤਾ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਜਮਾਤ ਕਇਮ ਕੀਤੀ । ਆਪ ਦੇ ਨਾਲ ਵੀ ਰੱਬ ਨੇ ਇਹੋ ਵਰਤਾਓ ਕੀਤਾ ਕਿ ਆਪ ਦੇ ਦਾਵੇ ਦੇ ਅਰੰਭ ਵਿੱਚ ਹੀ ਕੁਝ ਅਜਿਹੇ ਵਿਅਕਤੀ ਆਪ ਅਲੈਹਿ ਸਲਾਮ ਉਪੱਰ ਈਮਾਨ ਲਿਆਏ ਜੋ ਵਿਅਕਤੀਗਤ ਜੋਹਰ ਦੇ ਪੱਖੋਂ ਬਹੁਤ ਚੰਗੀ ਸੇਵਾ ਪ੍ਰਦਾਨ ਕਰਨ ਵਾਲੇ ਸਨ ਅਤੇ ਇਸ ਕੰਮ ਵਿੱਚ

ਆਪ ਦੀ ਮਦਦ ਵਾਲੇ ਸਨ ਜੋ ਅੱਲਾਹ ਤਆਲਾ ਨੇ ਆਪ ਦੇ ਸੁਪੁਰਦ ਕੀਤਾ ਸੀ ਅਤੇ ਉਹਨਾਂ ਵਿੱਚੋਂ ਇਕ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਵੀ ਸਨ । ਇਕ ਵਿਅਕਤੀ ਨੇ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਬਦਜ਼ੱਨੀ ਰੱਖਦਾ ਸੀ ਆਪ ਦੀਆਂ ਕਿਤਾਬਾਂ ਵਿੱਚ ਨਬੁਵੱਤ ਅਰੰਭ ਹੋਣ ਬਾਰੇ ਪੜ੍ਹਿਆ ਤਾਂ ਉਸ ਨੇ ਆਪਣੇ ਨਾਲ ਕੁਝ ਲੋਕ ਲਏ ਅਤੇ ਸਹਿਜੇ ਸਹਿਜੇ ਹਜ਼ਰਤ ਮੌਲਵੀ ਸਾਹਬ ਵੱਲ ਚੱਲੇ, ਜੱਦ ਆਪ ਕੋਲ ਪਹੁੰਚੇ ਤਾਂ ਉਸ ਵਿਅਕਤੀ ਨੇ ਹਜ਼ਰਤ ਮੌਲਵੀ ਸਾਹਬ ਨੂੰ ਕਿਹਾ ਕਿ ਜੇਕਰ ਕੋਈ ਮਨੁੱਖ ਕਹੇ ਕਿ ਮੈਂ ਇਸ ਜੁੱਗ ਲਈ ਨਬੀ ਬਣਾਕੇ ਭੇਜਿਆ ਗਿਆ ਹਾਂ ਅਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦੇ ਉਮੱਤਿ ਮੁਹਮੱਦੀਆ ਵਿੱਚ ਨਬੁਵੱਤ ਜਾਰੀ ਹੈ ਤਾਂ ਆਪ ਇਸ ਬਾਰੇ ਕੀ ਵਿਚਾਰ ਕਰਨਗੇ । ਹਜ਼ਰਤ ਖ਼ਲੀਫ਼ਾ ਅਵੱਲ ਨੇ ਫ਼ਰਮਾਇਆ ਕਿ ਇਸ ਪ੍ਰਸ਼ਨ ਦਾ ਉੱਤਰ ਤਾਂ ਦਾਵਾ ਕਰਨ ਵਾਲੇ ਦੀ ਹਾਲਤ ਉਪੱਰ ਨਿਰਭਰ ਹੈ ਕਿ ਆਇਆ ਉਸ ਉਸ ਦਾਵੇ ਦਾ ਅਧਿਕਾਰੀ ਹੈ ਜਾਂ ਨਹੀਂ । ਜੇਕਰ ਇਹ ਦਾਵਾ ਕਰਨ ਵਾਲਾ ਮਨੁੱਖ ਸੁਮਾਰਗੀ ਨ ਹੋਵੇਗਾ ਤਾਂ ਅਸੀਂ ਉਸਨੂੰ ਝੂਠਾ ਆਖਾਂਗੇ ਅਤੇ ਜੇਕਰ ਦਾਵਾ ਕਰਨ ਵਾਲਾ ਕੋਈ ਸੁਮਾਰਗੀ ਮਨੁੱਖ ਹੈ ਤਾਂ ਮੈਂ ਸਮਝਾਂਗਾ ਕਿ ਮੇਰੀ ਗ਼ਲਤੀ ਹੈ । ਵਾਸਤਵ ਵਿੱਚ ਨਬੀ ਆ ਸਕਦਾ ਹੈ ਭਾਵੇਂ ਮਿਰਜ਼ਾ ਸਾਹਬ ਨੇ ਜੋ ਕੁਝ ਲਿਖਿਆ ਹੈ ਉਹ ਠੀਕ ਹੈ ਅਤੇ ਮੈਂਨੂੰ ਉਸ'ਤੇ ਈਮਾਨ ਹੈ ।

ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਹਜ਼ਰਤ ਖ਼ਲੀਫ਼ਾਤਤੁਲ ਮਸੀਹ ਅਵੱਲ ਰਜ਼ੀ ਅਲੱਾਹ ਅਨਹੁ ਦੀ ਇਕ ਭੈਣ ਇਕ ਪੀਰ ਸਾਹਬ ਦੀ ਮੁਰੀਦ ਸਨ ਉਹ ਕਾਦੀਆਂ ਆਈ ਉਹਨਾਂ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਕਰ ਲਈ । ਜੱਦ ਵਾਪਸ ਗਈ ਤਾਂ ਉਹਨਾਂ ਦੇ ਪੀਰ ਸਾਹਬ ਕਹਿਣ ਲੱਗੇ ਕਿ ਤੈਨੂੰ ਕੀ ਹੋ ਗਿਆ ਹੈ ਕਿ ਤੂੰ ਮਿਰਜ਼ਾ ਸਾਹਬ ਦੀ ਬੈਅਤ ਕਰ ਲਈ ਹੈ । ਉਹਨਾਂ ਨੇ ਕਿਹਾ ਕਿ ਮੈਂ ਤਾਂ ਮਿਰਜ਼ਾ ਸਾਹਬ ਨੂੰ ਇਸ ਲਈ ਮੰਨਿਆ ਹੈ ਕਿ ਜੇਕਰ ਨ ਮੰਨਿਆ ਤਾਂ ਕਯਾਮਤ ਦੇ ਦਿਨ ਮੈਂਨੂੰ ਜੁੱਤੀਆਂ ਵਜੱਣਗੀਆਂ । ਆਪ ਦੱਸੋ ਕਿ ਆਪ ਉਸ ਦਿਨ ਕੀ ਕਰੋਗੇ । ਉਹ ਪੀਰ ਸਾਹਬ ਕਹਿਣ ਲੱਗੇ ਕਿ ਇਹ ਨੂਰਦੀਨ ਦੀ ਸ਼ਰਾਰਤ ਮਲੂਮ ਹੁੰਦੀ ਹੈ, ਉਸੇ ਨੇ ਤੈਨੂੰ ਇਹ ਗੱਲ ਸਮਝਾਕੇ ਮੇਰੇ ਕੋਲ ਭੇਜਿਆ ਹੈ ਪਰ ਤੁਹਾਨੂੰ ਇਸ ਬਾਰੇ ਕਿਸੇ ਚਿੰਤਾ ਦੀ ਲੋੜ ਨਹੀਂ । ਜੱਦ ਕਿਯਾਮਤ ਦਾ ਦਿਨ ਆਏਗਾ ਅਤੇ ਪੁਲਸਰਾਤ'ਤੇ ਸਾਰੇ ਲੋਕ ਇਕੱਤਰ ਹੋਣਗੇ ਤਾਂ ਤੁਹਾਡੇ ਸਾਰੇ ਗੁਨਾਹ (ਪਾਪ) ਮੈਂ ਆਪ ਚੁੱਕ ਲਵਾਂਗਾ ਅਤੇ ਤੁਸੀਂ ਦਗੜ ਦਗੜ ਕਰਦਿਆਂ ਸਵਰਗ ਵਿੱਚ ਚਲੇ ਜਾਣਾ । ਉਹਨਾਂ ਨੇ ਕਿਹਾ ਕਿ ਪੀਰ ਸਾਹਬ ਅਸੀਂ ਤਾਂ ਸਵਰਗਾਂ ਵਿੱਚ ਚਲੇ ਜਾਵਾਂਗੇ ਫਿਰ ਤੁਹਾਡਾ ਕੀ ਹੋਵੇਗਾ । ਉਹ ਕਹਿਣ ਲੱਗੇ ਜੱਦ ਫ਼ਰਿਸ਼ਤੇ ਮੇਰੇ ਕੋਲ ਆਉਣਗੇ ਤਾਂ ਮੈਂ ਉਹਨਾਂ ਨੂੰ ਲਾਲ ਲਾਲ ਅਖੱਾਂ ਦਿਖਾ ਕੇ ਕਹਾਂ ਗਾ ਕਿ ਕੀ ਸਾਡੇ ਨਾਨਾ ਇਮਾਮ ਹੁਸੈਨ ਦੀ ਸ਼ਹਾਦਤ ਕਾਫ਼ੀ ਨਹੀਂ ਸੀ ਕਿ ਅੱਜ ਕਿਯਾਮਤ ਦੇ ਦਿਨ ਸਾਨੂੰ ਤੰਗ ਕੀਤਾ ਜਾ ਰਿਹਾ ਹੈ । ਸੋ, ਇਹ ਸੁਣਦਿਆਂ ਹੀ ਫ਼ਰਿਸ਼ਤੇ ਸ਼ਰਮਿੰਦੇ ਹੋਕੇ ਦੌੜ ਜਾਣਗੇ ਅਤੇ ਅਸੀਂ ਵੀ ਛਾਲ੍ਹਾਂ ਮਾਰਦੇ ਸਵਰਗ ਵਿੱਚ ਦਾਖ਼ਲ ਹੋ ਜਾਵਾਂਗੇ ।

ਹਜ਼ਰਤ ਖਲੀਫ਼ਾਤੁਲ ਮਸੀਹ ਅਵੱਲ ਦੀ ਸਾਦਗੀ ਅਤੇ ਤਾਬਿਆਦਾਰੀ ਦੀ ਚਰਚਾ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਕ ਥਾਂ ਫ਼ਰਮਾਉਂਦੇ ਹਨ ਕਿ ਅਸੀਂ ਆਪ ਹਜ਼ਰਤ ਖ਼ਲੀਫਾਤੁਲ ਮਸੀਹ ਅਵੱਲ ਨੂੰ ਦੇਖਿਆ ਹੈ ਆਪ ਸਭਾ ਵਿੱਚ ਬਹੁਤ ਮਿਸਕੀਨੀ ਨਾਲ ਬੈਠਿਆ ਕਰਦੇ ਸਨ ਇਕ ਵਾਰ ਇਕ ਸਭਾ ਵਿੱਚ ਵਿਆਹਾਂ ਬਾਰੇ ਚਰਚਾ ਹੋ ਰਹੀ ਸੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ, ਮੌਲਵੀ ਸਾਹਬ, ਜਮਾਤ ਦੇ ਵਧੱਣ ਦਾ ਇਕ ਸਾਧਨ ਸੰਤਾਨ ਦੀ ਬਹੁਗਿਣਤੀ ਵੀ ਹੈ ਇਸ ਲਈ ਮੇਰਾ ਵਿਚਾਰ ਹੈ ਕਿ ਜੇਕਰ ਜਮਾਤ ਦੇ ਸਜੱਣ ਇਕ ਤੋਂ ਵੱਧ ਵਿਆਹ ਕਰਨ ਤਾਂ ਇਸ ਤੋਂ ਵੀ ਜਮਾਤ ਵੱਧ ਸਕਦੀ ਹੈ । ਹਜ਼ਰਤ ਖ਼ਲੀਫ਼ਾ ਅਵੱਲ ਨੇ ਗੋਡਿਆਂ ਤੋਂ ਸਿਰ ਚੁੱਕਿਆ ਅਤੇ ਫ਼ਰਮਾਇਆ ਕਿ ਹਜ਼ੂਰ ਮੈਂ ਤਾਂ ਆਪ ਦਾ ਹੁਕਮ ਮੰਨ੍ਹਣ ਨੂੰ ਤਿਆਰ ਹਾਂ ਪਰ ਇਸ ਉਮਰ ਵਿੱਚ ਮੈਂਨੂੰ ਕੋਈ ਮਨੁੱਖ ਆਪਣੀ ਲੜਕੀ ਦੇਣ ਲਈ ਤਿਆਰ ਨਹੀਂ ਹੋਵੇਗਾ । ਇਸ'ਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹੱਸ ਪਏ । ਦੇਖੋ, ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਦੇਖੋ ਇਹ ਨਿਮਰਤਾ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਅਦਬ ਸੀ ਜਿਸ ਦੇ ਸਬਬ ਉਹਨਾਂ ਨੂੰ ਇਹ ਰੁਤਬਾ ਮਿਲਿਆ । ਅਲੱਾਹ ਤਆਲਾ ਉਹਨਾਂ ਦੇ ਦਰਜੇ ਬੁਲੰਦ ਕਰੇ ਕਿਉਕਿ ਉਹਨਾਂ ਨੇ ਉਸ ਸਮੇਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨਿਆ ਜੱਦ ਸਾਰੀ ਦੁਨੀਆਂ ਆਪ ਦੇ ਖ਼ਿਲਾਫ਼ ਸੀ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ

ਇਸ ਗੱਲ'ਤੇ ਕਿ ਜਮਾਤ ਦੀ ਗਿਣਤੀ ਵਧਾਉਣ ਦਾ ਇਕ ਸਾਧਨ ਸੰਤਾਨ ਦੀ ਅਧਿਕਤਾ ਵੀ ਹੈ । ਆਪ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜੱਦ ਸਾਡੇ ਵਿਆਹ ਦੀ ਵਿਉਂਤ ਕੀਤੀ ਤਾਂ ਸਭ ਤੋਂ ਪਹਿਲਾਂ ਇਹ ਪ੍ਰਸ਼ਨ ਕਰਦੇ ਸਨ ਕਿ ਫਲਾਣੇ ਸਾਹਬ ਦੇ ਘਰ ਕਿੰਨ੍ਹੀ ਸੰਤਾਨ ਹੈ, ਉਹ ਕਿੰਨ੍ਹੇ ਭਾਈ ਹਨ ਅੱਗੇ ਉਹਨਾਂ ਦੀ ਸੰਤਾਨ ਹੈ । ਹਜ਼ਰਤ ਮੁਸਲਿਹ ਮੌਊਦ ਕਹਿੰਦੇ ਹਨ ਕਿ ਹੁਣ ਵੀ ਕਈ ਲੋਕ ਮੈਥੋਂ ਸਲਾਹ ਲੈਂਦੇ ਹਨ ਮੈਂ ਉਹਨਾਂ ਨੂੰ ਇਹੀ ਸਲਾਹ ਦਿੰਦਾ ਹਾਂ ਕਿ ਦੇਖੋ ਜਿੱਥੇ ਰਿਸ਼ਤੇ ਨਿਧਾਰਤ ਹੋਏ ਹਨ ਉਹਨਾਂ ਘਰ ਕਿੰਨ੍ਹੀ ਸੰਤਾਨ ਹੈ । ਅੱਜ ਕਲ ਦੀ ਦੁਨੀਆ ਵਿੱਚ ਫ਼ੈਮਲੀ ਪਲਾਨਿੰਗ ਉਪੱਰ ਬਹੁਤ ਜ਼ੋਰ ਦਿੱਤਾ ਜਾਂਦਾ ਹੈ ਅਤੇ ਪਰ ਅਜਿਹੇ ਦੇਸ਼ ਜਿੱਥੇ ਇਸ'ਤੇ ਬਹੁਤ ਜ਼ੋਰ ਦਿੱਤਾ ਗਿਆ ਹੈ ਉਹਨਾਂ ਵਿੱਚ ਇਹ ਅਹਿਸਾਸ ਵੱਧ ਗਿਆ ਹੈ ਕਿ ਇਹ ਗ਼ਲਤ ਹੈ । ਜੱਦ ਮਨੁੱਖ ਪ੍ਰਕ੍ਰਿਤੀ ਦੇ ਨਿਯਮਾਂ ਨਾਲ ਲੜਨ ਦਾ ਜਤਨ ਕਰਦਾ ਹੈ ਤਾਂ ਸਮੱਸਿਆਵਾਂ ਪੈਦਾ ਹੁੰਦੀਆ ਹਨ । ਬਹਿਰਹਾਲ ਇਹ ਵਾਧੂ ਗੱਲ ਵਿੱਚ ਆ ਗਈ ਹੈ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹ ਅਨਹੁ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਦੀ ਈਮਾਨਦਾਰੀ, ਅਖ਼ਲਾਸ, ਨਿਮਰਤਾ, ਆਜਜ਼ੀ ਤੇ ਸਾਦਗੀ ਦੀ ਇਕ ਗੱਲ ਬਿਆਨ ਕਰਦੇ ਹਨ । ਫ਼ਰਮਾਉਂਦੇ ਹਨ ਕਿ ਸੇਵਾ ਲਈ ਵੱਖ ਵੱਖ ਸਾਮਾਨ ਦੀ ਲੋੜ ਹੁੰਦੀ ਸੀ, ਖਾਣਾ ਪਕਾਉਣ ਲਈ ਦੀ ਲੋੜ ਹੁੰਦੀ ਸੀ । ਸ਼ੁਰੂ ਸ਼ੁਰੂ ਵਿੱਚ ਜੱਦ ਕਾਦੀਆਂ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਕੋਲ ਮਹਿਮਾਨ ਆਉਂਦੇ ਸਨ ਤਾਂ ਸੌਦਾ ਆਦਿ ਲਿਆਉਣ ਦੀ ਲੋੜ ਹੁੰਦੀ ਸੀ ਅਤੇ ਇਹ ਸਪਸ਼ਟ ਹੈ ਕਿ ਇਹ ਕੰਮ ਕੇਵਲ ਸਾਡੇ ਪਰਿਵਾਰ ਦੇ ਲੋਕ ਨਹੀਂ ਕਰ ਸਕਦੇ ਸਨ, ਅਧਿਕਤਰ ਇਹੋ ਹੋਇਆ ਕਰਦਾ ਸੀ ਕਿ ਜਮਾਤ ਦੇ ਲੋਕ ਰਲਮਿਲ ਕੇ ਉਹ ਕੰਮ ਕਰ ਦਿਆ ਕਰਦੇ ਸਨ । ਉਸ ਸਮੇਂ ਤਰੀਕਾ ਇਹ ਸੀ ਲੰਗਰਖਾਨੇ ਦੀ ਬਕਾਇਦਾ ਵਿਵਸਥਾ ਨਹੀਂ ਸੀ ਕਿ ਬਾਲ੍ਹਣ ਆ ਜਾਂਦਾ ਅਤੇ ਉਹ ਅੰਦਰ ਪਾਉਣਾ ਹੁੰਦਾ ਅਰਥਾਤ ਸਟੋਰ ਵਿੱਚ ਰਖੱਣਾ ਹੁੰਦਾ ਤਾਂ ਘਰ ਦੀ ਖ਼ਾਦਮਾ ਅਵਾਜ਼ ਦੇ ਦਿੰਦੀ ਕਿ ਬਾਲ੍ਹਣ ਆਇਆ ਹੈ ਕੋਈ ਮਨੁੱਖ ਹੈ ਤਾਂ ਉਹ ਆ ਜਾਵੇ ਅਤੇ ਬਾਲ੍ਹਣ ਅੰਦਰ ਪਾ ਦੇਵੇ । ਇਕ ਵਾਰ ਲੰਗਰ ਲਈ ਉਪਲਿਆਂ ਦਾ ਇਕ ਗਡੱਾ ਆਇਆ (ਉਹ ਜੋ ਬਾਲ੍ਹਣ ਲਈ ਵਰਤਿਆਂ ਜਾਂਦਾ ਹੈ ਉਪਲੇ (ਪਾਥੀਆਂ)) ਬਦੱਲ ਵੀ ਛਾਇਆ ਹੋਇਆ ਸੀ । ਖ਼ਾਦਮਾ ਨੇ ਅਵਾਜ਼ ਦਿੱਤੀ ਤਾਂ ਜੋ ਕੋਈ ਵਿਅਕਤੀ ਮਿਲ ਜਾਵੇ ਤਾਂ ਉਹ ਉਪਲੇ ਅੰਦਰ ਰਖੱਵਾ ਦੇਵੇ ਪਰ ਉਸ ਦੀ ਅਵਾਜ਼ ਵੱਲ ਕਿਸੇ ਨੇ ਵੀ ਧਿਆਨ ਨਹੀਂ ਦਿੱਤਾ । ਆਪ ਨੇ ਜੱਦ ਦੇਖਿਆ ਕਿ ਖਾਦਮਾ ਦੀ ਅਵਾਜ਼ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ ਹੈ ਤਾਂ ਆਪ ਨੇ ਫ਼ਰਮਾਇਆ ਚੰਗਾ ਅੱਜ ਅਸੀਂ ਹੀ ਕੋਈ ਵਿਅਕਤੀ ਬਣ ਜਾਂਦੇ ਹਾਂ ਇਹ ਕਹਿ ਕੇ ਆਪ ਨੇ ਉਪਲੇ ਉਠਾਏ ਅਤੇ ਅੰਦਰ ਪਾਉਣੇ ਸ਼ੁਰੂ ਕਰ ਦਿੱਤੇ ।

ਫਿਰ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਦਾ ਜੋ ਹਜ਼ਰਤ ਮਸੀਹ ਮੌਊਦ ਅਲਹਿ ਸਲਾਮ ਨਾਲ ਜੋ ਪ੍ਰੇਮ ਸੀ, ਉਸ ਦੀ ਉਧਾਰਣ ਦਿੰਦਿਆ ਹੋਇਆਂ ਆਪ ਫ਼ਰਮਾਉਂਦੇ ਹਨ ਕਿ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹ ਅਨਹੁ ਦੀ ਇਹ ਆਦਤ ਸੀ ਕਿ ਜੱਦ ਆਪ ਬਹੁਤ ਖ਼ੁਸ਼ ਹੁੰਦੇ ਅਤੇ ਪ੍ਰੇਮ ਨਾਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਵਰਦਣ ਕਰਦੇ ਤਾਂ ਮਿਰਜ਼ਾ ਦਾ ਸ਼ਬਦ ਵਰਤਦੇ ਅਤੇ ਫ਼ਰਮਾਉਂਦੇ ਕਿ ਸਾਡੇ ਮਿਰਜ਼ਾ ਦੀ ਇਹ ਗੱਲ ਹੈ । ਅਰੰਭਕ ਦਿਨਾ ਵਿੱਚ ਜੱਦ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਦਾਵਾ ਨਹੀਂ ਸੀ ਕਿਉਂਕਿ ਆਪ ਦੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਸੰਬੰਧ ਸਨ ਇਸੇ ਲਈ ਉਸ ਸਮੇਂ ਤੋਂ ਇਹ ਸ਼ਬਦ ਮੂੰਹ ਨੂੰ ਚੜ੍ਹੇ ਹੋਏ ਸਨ ।

ਫਿਰ ਦੋਹੀਂ ਪੱਖੀ ਅਖ਼ਲਾਸ ਤੇ ਪ੍ਰੇਮ ਦੀ ਇਕ ਹੋਰ ਉਧਾਰਣ । ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਵਿੱਚ ਜਿੰਨ੍ਹਾ ਅਖ਼ਲਾਸ (ਈਮਾਨਦਾਰੀ) ਸੀ ਉਹ ਕਿਸੇ ਤੋਂ ਲੁਕੀ ਹੋਈ ਨਹੀ । ਕਿਸੇ ਨੇ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਤੋਂ ਗੱਲ ਕੀਤੀ ਕਿ ਹਜ਼ਰਤ ਮੌਲਵੀ ਸਾਹਬ ਸੈਰ ਲਈ ਨਹੀਂ ਜਾਂਦੇ । ਆਪ ਨੇ ਫ਼ਰਮਾਇਆ ਕਿ ਉਹ ਤਾਂ ਰੋਜ਼ ਜਾਂਦੇ ਹਨ । ਇਸ'ਤੇ ਆਪ ਨੂੰ ਦੱਸਿਆ ਗਿਆ ਕਿ ਉਹ ਸੈਰ ਲਈ ਨਾਲ ਚਲਦੇ ਤਾਂ ਹਨ ਪਰ ਫਿਰ ਬੋੜ੍ਹ ਹੇਠ ਬਹਿ ਜਾਂਦੇ ਹਨ ਅਤੇ ਵਾਪਸੀ ਸਮੇਂ ਨਾਲ ਸ਼ਾਮਲ ਹੋ ਜਾਂਦੇ ਹਨ । ਸੋ, ਇਸ ਤੋਂ ਬਾਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹਮੇਸ਼ਾ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਨੂੰ ਆਪਣੇ ਨਾਲ ਸੈਰ ਵਿੱਚ ਰਖੱਦੇ ਅਤੇ ਜੱਦ ਆਪ ਨੇ ਤੇਜ਼ ਹੋ ਜਾਣਾ ਅਤੇ ਹਜ਼ਰਤ ਖ਼ਲੀਫ਼ਾਤੁਲ ਮਸੀਹ

ਅਵੱਲ ਨੇ ਬਹੁਤ ਪਿੱਛੇ ਰਹਿ ਜਾਣਾ ਤਾਂ ਆਪ ਨੇ ਚਲਦਿਆਂ ਚਲਦਿਆਂ ਠਹਿਰ ਜਾਣਾ ਅਤੇ ਫ਼ਰਮਉਂਣਾ ਮੌਲਵੀ ਸਾਹਬ ਫ਼ਲਾਣੀ ਗੱਲ ਕਿਵੇਂ ਹੈ । ਮੌਲਵੀ ਸਾਹਬ ਤੇਜ਼ ਤੇਜ਼ ਚਲ ਕੇ ਆਪ ਕੋਲ ਪਹੁੰਚਦੇ ਅਤੇ ਨਾਲ ਚੱਲ ਪੈਂਦੇ ਤਾਂ ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਥੋੜੀ ਦੇਰ ਬਾਦ ਫਿਰ ਤੇਜ਼ ਚਲਣਾ ਅਰੰਭ ਕਰਦੇ ਅਤੇ ਅੱਗੇ ਨਿਕਲ ਜਾਂਦੇ ਥੋੜੀ ਦੂਰ ਜਾਕੇ ਫ਼ਿਰ ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਠਹਿਰ ਜਾਂਦੇ ਅਤੇ ਫ਼ਰਮਾਉਂਦੇ ਮੌਲਵੀ ਸਾਹਬ ਫ਼ਲਾਣੀ ਗੱਲ ਕਿਵੇਂ ਹੈ, ਵੱਖ ਵੱਖ ਗੱਲਾਂ ਹੁੰਦੀਆਂ । ਮੌਲਵੀ ਸਾਹਬ ਫਿਰ ਤੇਜ਼ੀ ਨਾਲ ਆਪ ਕੋਲ ਪਹੁੰਚਦੇ ਅਤੇ ਤੇਜ਼ ਤੇਜ਼ ਚਲੱਣ ਕਰਕੇ ਹੰਬਣ ਲੱਗ ਜਾਂਦੇ ਪਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪ ਨੂੰ ਆਪਣੇ ਨਾਲ ਰੱਖਦੇ । ਤੀਹ ਚਾਲ੍ਹੀ ਗ਼ਜ਼ ਚੱਲ ਕੇ ਮੌਲਵੀ ਸਾਹਬ ਪਿੱਛੇ ਰਹਿ ਜਾਂਦੇ ਅਤੇ ਫਿਰ ਕੋਈ ਗੱਲ ਕਹਿ ਕੇ ਮੌਲਵੀ ਸਾਹਬ ਨੂੰ ਸੰਬੋਧਨ ਕਰਦੇ ਅਤੇ ਉਹ ਤੇਜ਼ੀ ਨਾਲ ਆਣ ਕੇ ਆਪ ਨਾਲ ਮਿਲ ਜਾਂਦੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਉਦੇਸ਼ ਸੀ ਕਿ ਇਉਂ ਹਜ਼ਰਤ ਮੌਲਵੀ ਸਾਹਬ ਨੂੰ ਤੇਜ਼ ਚਲੱਣ ਦੀ ਆਦਤ ਪੈ ਜਾਵੇ ।

ਫਿਰ ਇਕ ਹੋਰ ਉਧਾਰਣ ਜਿਸ ਤੋਂ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਦਾ ਅਖ਼ਲਾਸ ਪ੍ਰਕਟ ਹੁੰਦਾ ਹੈ ਅਤੇ ਤਵਕੱਲ (ਵਿਸ਼ਵਾਸ) ਵੀ, ਹਜ਼ਰਤ ਮੀਰ ਸਾਹਬ ਸਖ਼ਤ ਬਿਮਾਰ ਹੋ ਗਏ ਉਦਰਸੂਲ ਦਾ ਐਨ੍ਹਾ ਸਖ਼ਤ ਹਮਲਾ ਹੋਇਆ ਕਿ ਡਾਕਟਰਾਂ ਨੇ ਕਿਹਾ ਕਿ ਅਪ੍ਰੇਸ਼ਨ ਹੋਣਾ ਚਾਹੀਦਾ ਹੈ । ਕਈ ਲੋਕਾਂ ਨੇ ਕਿਹਾ ਕਿ ਯੁਨਾਨੀ ਦਵਾਈਆਂ ਤੋਂ ਬਿਨਾ ਅਪ੍ਰੇਸ਼ਨ ਦੇ ਵੀ ਆਰਾਮ ਆ ਜਾਂਦਾ ਹੈ ਇਸ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹ ਤਆਲਾ ਅਨਹੁ ਨੂੰ ਤਾਰ ਭੇਜ ਦਿੱਤਾ ਕਿ ਜਿਸ ਅਵਸਥਾ ਵਿੱਚ ਵੀ ਹੋਣ ਆ ਜਾਣ । ਆਪ ਕਲੀਨਿਕ ਵਿੱਚ ਬੈਠੇ ਹੋਏ ਸਨ ਕੋਟ ਵੀ ਨਹੀਂ ਪਾਇਆ ਹੋਇਆ ਸੀ ਪੈਸੇ ਵੀ ਕੋਲ ਨਹੀਂ ਸਨ । ਆਪ ਸ਼ਾਇਦ ਹਕੀਮ ਗ਼ੁਲਾਮ ਮੁਹਮੱਦ ਸਾਹਬ ਨੂੰ ਨਾਲ ਲੈਕੇ ਪੈਦਲ ਬਟਾਲੇ ਪਹੁੰਚੇ । ਸਟੇਸ਼ਨ ਉਪੱਰ ਜਾਕੇ ਬੈਠੇ ਅਤੇ ਚਲੱਣ ਵਿੱਚ ਕਮਜ਼ੋਰ ਸਨ ਪਰ ਇਸ ਦੇ ਹੁੰਦਿਆਂ ਹੋਇਆਂ ਵੀ ਕਿਉਂਕਿ ਹੁਕਮ ਆਇਆ ਹੈ ਕਿ ਝੱਟ ਪਹੁੰਚੋ ਉਸੇ ਤਰ੍ਹਾਂ ਚਲ ਕੇ ਬਟਾਲਾ ਪੈਦਲ ਪਹੁੰਚ ਗਏ । ਹੁਣ ਦੇਖੋ ਇਹ ਅਖ਼ਲਾਸ ਅਤੇ ਤਾਬਿਆਦਾਰੀ ਹੈ । ਬਹੁਤਾ ਚਲੱਣ ਨਾਲ ਆਪ ਨੂੰ ਕਸ਼ਟ ਹੁੰਦਾ ਸੀ ਪਰ ਹੁਕਮ ਹੋਇਆ ਤਾਂ ਬਟਾਲੇ ਤੱਕ ਲਗਭਗ ਗਿਆਰ੍ਹਾਂ ਮੀਲ ਦੀ ਦੂਰੀ ਤੱਕ ਪੈਦਲ ਪਹੁੰਚ ਗਏ ਹਕੀਮ ਸਾਹਬ ਨੇ ਕਿਹਾ ਕਿ ਹੁਣ ਕਿਰਾਏ ਆਦਿ ਦਾ ਕੀ ਪ੍ਰਬੰਧ ਹੋਵੇਗਾ, ਹਜ਼ਰਤ ਖਲੀਫ਼ਾ ਅਵੱਲ ਨੇ ਫ਼ਰਮਾਇਆ ਕਿ ਏਥੇ ਬੈਠੇ ਰੱਬ ਆਪ ਹੀ ਕੋਈ ਪ੍ਰਬੰਧ ਕਰ ਦੇਵੇਗਾ । ਤਵਕੱਲ (ਵਿਸ਼ਵਾਸ) ਦੀ ਇਹ ਉਧਾਰਣ ਹੈ । ਐਨ੍ਹੇ ਵਿੱਚ ਇਕ ਵਿਅਕਤੀ ਆਇਆ ਅਤੇ ਪੁੱਛਿਆ ਕਿ ਕੀ ਆਪ ਹਕੀਮ ਨੂਰੁੱਦੀਨ ਸਾਹਬ ਹਨ ਆਪ ਨੇ ਫ਼ਰਮਾਇਆ, ਹਾਂ, ਉਹ ਵਿਅਕਤੀ ਕਹਿਣ ਲਗੱਾ ਕਿ ਅਜੇ ਗੱਡੀ ਆਉਣ ਵਿੱਚ ਦਸ ਪੰਦਰ੍ਹਾਂ ਮਿੰਟ ਬਾਕੀ ਹਨ ਅਤੇ ਮੈਂ ਸਟੇਸ਼ਨ ਮਾਸਟਰ ਨੂੰ ਵੀ ਕਹਿ ਦਿੱਤਾ ਹੈ ਕਿ ਉਹ ਆਪ ਦੀ ਉਡੀਕ ਕਰੇ । ਮੈਂ ਬਟਾਲੇ ਦਾ ਤਹਿਸੀਲਦਾਰ ਹਾਂ ਮੇਰੀ ਪਤਨੀ ਬਹੁਤ ਸਖ਼ਤ ਬਿਮਾਰ ਹੈ ਆਪ ਰਤਾ ਚਲਕੇ ਉਸ ਨੂੰ ਦੇਖ ਲਓ । ਆਪ ਗਏ ਰੋਗੀ ਨੂੰ ਦੇਖਿਆ ਨੁਸਖਾ ਲਿੱਖਿਆ ਅਤੇ ਸਟੇਸ਼ਨ ਵਾਪਸ ਆ ਗਏ । ਉਹ ਵਿਅਕਤੀ ਵੀ ਨਾਲ ਆਇਆ ਭਾਵ ਤਹਿਸੀਲਦਾਰ ਅਤੇ ਕਿਹਾ ਕਿ ਆਪ ਚਲਕੇ ਗੱਡੀ ਵਿੱਚ ਬੈਠਣ ਮੈਂ ਟਿਕਟ ਲੈਕੇ ਆਉਂਦਾ ਹਾਂ ਅਤੇ ਨਾਲ ਹੀ ਪੰਜਾਹ ਰੁਪਏ ਨਕਦ ਦਿੱਤੇ ਅਤੇ ਕਿਹਾ ਕਿ ਇਹ ਤੁੱਛ ਜਿਹਾ ਤੋਹਫ਼ਾ ਹੈ ਇਸ ਨੂੰ ਪ੍ਰਵਾਨ ਕਰਨਾ । ਆਪ ਦਿੱਲੀ ਪਹੁੰਚੇ ਅਤੇ ਜਾਕੇ ਮੀਰ ਸਾਹਬ ਦਾ ਇਲਾਜ ਕੀਤਾ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਇਹ ਸਹੀ ਤਵਕੱਲ (ਵਿਸ਼ਵਾਸ) ਦਾ ਮੁਕਾਮ ਹੈ । ਤਵਕੱਲ ਦੇ ਸਹੀ ਮੁਕਾਮ ਉਪੱਰ ਜੋ ਲੋਕ ਹੁੰਦੇ ਹਨ ਉਹ ਕਿਸੇ ਤੋਂ ਮੂੰਹੋਂ ਮੰਗਦੇ ਨਹੀਂ, ਰੱਬ ਲੋਕਾਂ ਦਾ ਧਿਆਨ ਉਸ ਵੱਲ ਫੇਰ ਦਿੰਦਾ ਹੈ ਅਤੇ ਪ੍ਰਬੰਧ ਕਰ ਦਿੰਦਾ ਹੈ ਪਰ ਉਹ ਆਪ ਜਿੰਨ੍ਹਾ ਨੂੰ ਤਵਕੱਲ ਹੁੰਦਾ ਹੈ ਰੱਬ ਉਪੱਰ ਉਹ ਆਪ ਕਿਸੇ ਕੋਲ ਨਹੀਂ ਜਾਂਦੇ ਸਗੋਂ ਰੱਬ ਆਪ ਭੇਜਦਾ ਹੈ ਉਹਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ । ਸੋ, ਇਹ ਤਵਕੱਲ (ਵਿਸ਼ਵਾਸ) ਦਾ ਬਹੁਤ ਉਚੱਤਮ ਮੁਕਾਮ ਹੈ ਜੋ ਆਪ ਨੂੰ ਪ੍ਰਾਪਤ ਸੀ । ਹਜ਼ਰਤ ਮੁਸੁਲਿਹ ਮੌਊਦ ਕਹਿੰਦੇ ਹਨ ਕਿ ਮੈਂਨੂ ਚੇਤੇ ਹੈ ਕਿ ਇਕ ਵਾਰ ਇਕ ਰੋਗੀ ਆਇਆ ਅਤੇ ਉਸ ਨੇ ਚੇਤੇ ਕੀਤਾ ਕਿ ਮੌਲਵੀ ਸਾਹਬ ਤੋਂ ਮੈਂ ਇਲਾਜ ਕਰਵਾਇਆ ਸੀ ਜਿਸ ਦਾ ਮੈਂਨੂੰ ਬਹੁਤ ਲਾਭ ਹੋਇਆ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉਸ

ਦਿਨ ਬਿਮਾਰ ਸਨ ਪਰ ਜੱਦ ਆਪ ਨੇ ਇਕ ਗੱਲ ਸੁਣੀ ਤਾਂ ਆਪ ਉਸੇ ਸਮੇਂ ਉਠ ਕੇ ਬੈਠ ਗਏ ਅਤੇ ਹਜ਼ਰਤ ਅਮੱਾਂ ਜਾਂਨ ਰਜ਼ੀ ਅਲੱਾਹ ਅਨਹਾ ਨੂੰ ਕਹਿਣ ਲੱਗੇ ਕਿ ਅਲੱਾਹ ਤਆਲਾ ਹੀ ਮੌਲਵੀ ਸਾਹਬ ਨੂੰ ਤਹਿਰੀਕ ਕਰਕੇ ਏਥੇ ਲਿਆਇਆ ਹੈ ਅਤੇ ਹੁਣ ਹਜ਼ਾਰਾਂ ਲੋਕ ਉਹਨਾਂ ਤੋਂ ਲਾਭ ਉਠਾ ਰਹੇ ਹਨ, ਜੇਕਰ ਮੌਲਵੀ ਸਾਹਬ ਏਥੇ ਨ ਆਉਂਦੇ ਤਾਂ ਇਹਨਾਂ ਲੋਕਾਂ ਦਾ ਇਲਾਜ ਕਿਵੇਂ ਹੁੰਦਾ । ਸੋ, ਮੌਲਵੀ ਸਾਹਬ ਦਾ ਵੁਜੂਦ ਵੀ ਰੱਬ ਦਾ ਬਹੁਤ ਵਡੱਾ ਉਪਕਾਰ ਹੈ । ਇਹ ਸ਼ੁਕਰਗੁਜ਼ਾਰੀ ਸੀ ਪਰ ਅਤਿ ਨਹੀਂ ਸੀ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਦੀ ਆਜਜ਼ੀ ਤੇ ਨਿਮਰਤਾ ਦੀ ਜੋ ਅਥਾਹ ਸੀ ਉਸ ਦਾ ਵਰਨਣ ਇਕ ਸਹਾਬੀ ਦੇ ਹਵਾਲੇ ਨਾਲ ਹਜ਼ਰਤ ਮੁਸਲਿਹ ਮੌਊਦ ਨੇ ਕੀਤਾ ਹੈ ਕਹਿੰਦੇ ਹਨ ਇਕ ਸਹਾਬੀ ਦੀ ਘਟਨਾ ਬਿਆਨ ਕਰਦੇ ਹਨ ਕਿ ਮੈਂ ਇਕ ਵਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮਿਲਣ ਲਈ ਆਇਆ, ਆਪ ਮਸਜਿਦ ਮੁਬਾਰਕ ਵਿੱਚ ਬੈਠੇ ਸਨ ਅਤੇ ਦਰਵਾਜ਼ੇ ਕੋਲ ਜੁੱਤੀਆਂ ਪਈਆਂ ਸਨ ਇਕ ਵਿਅਕਤੀ ਸਿੱਧੇ ਸਾਦੇ ਕਪੜਿਆਂ ਵਾਲਾ ਆ ਗਿਆ ਅਤੇ ਆਣ ਕਰਕੇ ਜੁੱਤੀਆਂ ਵਿੱਚ ਬੈਠ ਗਿਆ । ਇਹ ਸਹਾਬੀ ਕਹਿੰਦੇ ਹਨ ਕਿ ਮੈਂ ਸਮਝਿਆ ਕਿ ਇਹ ਕੋਈ ਜੁੱਤੀ ਚੋਰ ਹੈ, ਸੋ, ਮੈਂ ਆਪਣੀ ਜੁੱਤੀ ਦੀ ਨਿਗਰਾਨੀ ਸ਼ੁਰੂ ਕਰ ਦਿੱਤੀ ਕਿਤੇ ਉਹ ਲੈਕੇ ਨ ਭੱਜ ਜਾਵੇ । ਕਹਿਣ ਲੱਗੇ ਇਸ ਦੇ ਕੁਝ ਸਮੇਂ ਬਾਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ੌਤ ਹੋ ਗਏ ਅਤੇ ਮੈਂ ਸੁਣਿਆ ਕਿ ਆਪ ਦੀ ਥਾਂ ਕੋਈ ਹੋਰ ਵਿਅਕਤੀ ਖ਼ਲੀਫ਼ਾ ਬਣ ਗਿਆ ਹੈ । ਇਸ'ਤੇ ਮੈਂ ਬੈਅਤ ਕਰਨ ਲਈ ਆਇਆ ਜੱਦ ਮੈਂ ਬੈਅਤ ਕਰਨ ਲਈ ਆਪਣਾ ਹੱਥ ਵਧਾਇਆ ਤਾਂ ਕੀ ਦੇਖਦਾ ਹਾਂ ਕਿ ਇਹ ਉਹੋ ਵਿਅਕਤੀ ਸੀ ਜਿਸ ਨੂੰ ਮੈਂ ਆਪਣੀ ਬੇਵਕੂਫ਼ੀ ਕਰਕੇ ਜੁੱਤੀ ਚੋਰ ਸਮਝਿਆ ਸੀ ਅਰਥਾਤ ਹਜ਼ਰਤ ਖ਼ਲੀਫਾਤੁਲ ਮਸੀਹ ਅਵੱਲ ਅਤੇ ਮੈਂ ਆਪਣੇ ਮਨ ਵਿੱਚ ਬਹੁਤ ਸ਼ਰਮਿੰਦਾ ਹੋਇਆ । ਅਲੱਾਹ ਤਆਲਾ ਆਪਦੇ ਦਰਜੇ ਬੁਲੰਦ ਕਰਦਾ ਚਲਾ ਜਾਵੇ ਅਤੇ ਆਪ ਦੇ ਨਾਂ'ਤੇ ਫ਼ਸਾਦ ਪੈਦਾ ਕਰਨ ਵਾਲਿਆਂ ਨੂੰ ਵੀ ਅਕਲ ਤੇ ਸੋਝੀ ਪ੍ਰਦਾਨ ਕਰੇ ਅਤੇ ਸਾਨੂੰ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਇਛੱਾਵਾਂ ਅਨੁਸਾਰ ਇਸ ਉਧਾਰਣ ਤੋਂ ਪਾਠ ਲੈਣ ਦੀ ਤੌਫ਼ੀਕ ਪ੍ਰਦਾਨ ਕਰੇ ।

ਅੱਜ ਮਾਰੇਸ਼ਸ ਦਾ ਸਾਲਾਨਾ ਜਲਸਾ ਵੀ ਹੋ ਰਿਹਾ ਹੈ ਅਤੇ ਮਾਰੇਸ਼ਸ ਵਿੱਚ ਜਮਾਤ ਅਹਮਦੀਆਂ ਕਾਇਮ ਹੋਏ ਇਕ ਸੌ ਸਾਲ ਹੋ ਚੁਕੇ ਹਨ ਉਹ ਆਪਣੀ ਸੈਂਚਰੀ ਮਨਾ ਰਹੇ ਹਨ । ਅਲੱਾਹ ਤਆਲਾ ਉਹਨਾਂ ਦਾ ਇਹ ਜਲਸਾ ਸਾਲਾਨਾ ਵੀ ਹਰ ਪੱਖੋਂ ਬਰਕਤਾਂ ਭਰਪੂਰ ਕਰੇ ਅਤੇ ਇਹ ਸੌ ਸਾਲ ਭਵਿੱਖ ਵਿੱਚ ਨਵੀਆਂ ਤਰੱਕੀਆਂ ਦਾ ਮੁੱਖਬੰਦ ਪ੍ਰਮਾਣਤ ਹੋਣ ਅਤੇ ਨਵੇਂ ਤੋਂ ਨਵੇਂ ਮਨਸੂਬੇ ਕਰਨ । ਓਥੇ ਕਈ ਫ਼ਸਾਦੀ ਲੋਕ ਵੀ ਹਨ, ਰੱਬ ਉਹਨਾਂ ਤੋਂ ਵੀ ਜਮਾਤ ਨੂੰ ਸੁਰੱਖਿਅਤ ਰੱਖੇ ਅਤੇ ਹਰ ਬੁਰਾਈ ਤੋਂ ਬਚਾਏ ਅਤੇ ਹਰ ਪੱਖੋਂ ਜਲਸੇ ਨੂੰ ਉਹਨਾਂ ਦੇ ਪ੍ਰੋਗਰਾਮਾਂ ਨੂੰ ਬਰਕਤਾਂ ਭਰਪੂਰ ਬਣਾਏ ।

**Khulasa Khutba 13.11.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131